# ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਫਾਰਚੂਨ ਪਾਏ ਗਾਓ

**ਸੁਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

ਫਾਰਚੂਨ ਪਾਏ ਗਾਓ 52 ਪੱਤੀ ਤਾਸ਼ ਤੇ ਨਾਲ ਇਕ ਜੋਕਰ ਵਰਤ ਕੇ ਖੇਡੀ ਜਾਂਦੀ ਹੈ। ਜੋਕਰ ਸਿਰਫ ਇਕ ਯੱਕੇ ਵਜੋਂ ਹੀ ਵਰਤਿਆ ਜਾ ਸਕਦਾ ਹੈ, ਜਾਂ ਸਟਰੇਟ, ਫਲੱਸ਼, ਜਾਂ ਸਟਰੇਟ ਫਲੱਸ਼ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਜਿੱਤਣ ਲਈ ਜ਼ਰੂਰੀ ਹੈ ਕਿ ਤੁਸੀਂ ਬੈਂਕਰ ਦੇ ਹੱਥਾਂ (ਪੱਤਿਆਂ) ਨੂੰ ਹਰਾਓ।

ਪੱਤੇ ਵੰਡਣ ਤੋਂ ਪਹਿਲਾਂ ਸਾਰੇ ਦਾਅ ਲਾਏ ਜਾਣੇ ਜ਼ਰੂਰੀ ਹਨ। ਹਰ ਖਿਡਾਰੀ ਨੂੰ ਮੂਧੇ ਮਾਰੇ ਸੱਤ ਪੱਤੇ ਮਿਲਦੇ ਹਨ ਅਤੇ ਉਨ੍ਹਾਂ ਨੂੰ ਦੋ ਢੇਰੀਆਂ ਵਿਚ ਕਰ ਦਿੱਤਾ ਜਾਂਦਾ ਹੈ – ਇਕ ਢੇਰੀ ਪੰਜਾਂ ਪੱਤਿਆਂ ਦੀ ਜਿਹਨੂੰ 'ਪਿੱਛਾ' ਕਿਹਾ ਜਾਂਦਾ ਹੈ ਅਤੇ ਇਕ ਢੇਰੀ ਦੋ ਪੱਤਿਆਂ ਦੀ ਜਿਹਨੂੰ 'ਅੱਗਾ' ਕਿਹਾ ਜਾਂਦਾ ਹੈ। ਜਿੱਤਣ ਲਈ, ਦੋਵੇਂ ਦੋ-ਪੱਤੀ ਹੱਥ ਤੇ ਪੰਜ-ਪੱਤੀ ਹੱਥ ਬੈਂਕਰ ਦੇ ਦੋ-ਪੱਤੀ ਤੇ ਪੰਜ-ਪੱਤੀ ਹੱਥ ਨਾਲੋਂ ਵੱਡੇ ਹੋਣੇ ਚਾਹੀਦੇ ਹਨ। ਪੁਸ਼ ਜਾਂ ਬਰਾਬਰ ਉਦੋਂ ਹੁੰਦਾ ਹੈ ਜਦੋਂ ਤੁਹਾਡਾ ਇਕ ਹੱਥ ਹੀ ਵੰਡਣ ਵਾਲੇ ਦੇ ਉਸੇ ਹੱਥ ਨਾਲੋਂ ਵੱਡਾ ਹੋਵੇ।

ਜਿੱਤਣ ਵਾਲੇ ਹੱਥਾਂ ਨੂੰ ਬਰਾਬਰ ਦੇ (1:1) ਪੈਸੇ ਦਿੱਤੇ ਜਾਂਦੇ ਹਨ। ਜਦੋਂ ਪੁਸ਼ ਹੁੰਦੀ ਹੈ, ਖਿਡਾਰੀ ਆਪਣੇ ਮੁੱਢਲੇ ਦਾਅ ਕਾਇਮ ਰੱਖਦੇ ਹਨ। ਹਰ ਖਿਡਾਰੀ ਵਲੋਂ ਜਿੱਤੇ ਪੈਸੇ ਅਤੇ ਖਿਡਾਰੀ/ਬੈਂਕਰ ਵਲੋਂ ਜਿੱਤੇ ਕੁਲ ਪੈਸਿਆਂ 'ਤੇ ਡੀਲਰ (ਪੱਤੇ ਵੰਡਣ ਵਾਲੇ) ਵਲੋਂ ਪੰਜ ਪ੍ਰਤੀਸ਼ੱਤ ਦੇ ਹਿਸਾਬ ਨਾਲ ਕਮਿਸ਼ਨ ਲਿਆ ਜਾਂਦਾ ਹੈ।

ਫਾਰਚੂਨ ਪਾਏ ਗਾਓ ਪੋਕਰ ਵਿਚ ਤੁਸੀਂ ਨਾਲ ਦੀ ਇਕ ਹੋਰ ਸ਼ਰਤ (ਬੈੱਟ) ਵੀ ਲਾ ਸਕਦੇ ਹੋ ਜੋ ਸਿਰਫ ਤੁਹਾਡੇ ਹੱਥ 'ਤੇ ਹੀ ਬੋਨਸ ਅਦਾ ਕਰਦੀ ਹੈ। ਤੁਸੀਂ ਪੱਤੇ ਵੰਡੇ ਜਾਣ ਤੋਂ ਪਹਿਲਾਂ ਫਾਰਚੂਨ ਬੋਨਸ ਬੈੱਟ 'ਤੇ 50 ਡਾਲਰ ਤੱਕ ਪੈਸੇ ਦਾਅ 'ਤੇ ਲਾ ਸਕਦੇ ਹੋ।

ਫਾਰਚੂਨ ਬੋਨਸ ਦਾ 5 ਡਾਲਰ ਜਾਂ ਵੱਧ ਦਾ ਕੋਈ ਵੀ ਦਾਅ ਆਪਣੇ ਆਪ ਹੀ ਐਨਵੀ ਬੋਨਸ ਦੀ ਅਦਾਇਗੀ ਲਈ ਵੀ ਯੋਗ ਹੁੰਦਾ ਹੈ। ਜੇ ਬਾਜੀ (ਰਾਊਂਡ) ਦੌਰਾਨ ਕਿਸੇ ਦੇ ਹੱਥ ਇੱਕੋ ਕਿਸਮ ਦੇ ਚਾਰ ਪੱਤੇ (ਫੋਰ ਆਫ ਏ ਕਾਈਂਡ) ਜਾਂ ਇਸ ਤੋਂ ਭਾਰੇ ਪੱਤੇ ਹੋਣ ਤਾਂ ਉਹ ਬਾਜੀ ਖੇਡਦੇ ਸਾਰੇ ਯੋਗ ਖਿਡਾਰੀਆਂ ਨੂੰ ਐਨਵੀ ਬੋਨਸ ਅਦਾ ਕੀਤਾ ਜਾਵੇਗਾ ਜਿਨ੍ਹਾਂ ਕੋਲ ਉਹ ਪੱਤੇ ਨਾ ਹੋਣ। ਡੀਲਰ ਦਾ ਹੱਥ ਐਨਵੀ ਬੋਨਸ ਲਈ ਯੋਗ ਨਹੀਂ ਹੁੰਦਾ ਉਦੋਂ ਵੀ ਨਹੀਂ ਜਦੋਂ ਡੀਲਰ ਬੈਂਕਰ ਵੀ ਨਾ ਹੋਵੇ।

## ਫਾਰਚੂਨ ਪਾਏ ਗਾਓ ਪੋਕਰ ਬੋਨਸ ਅਦਾਇਗੀ ਸੂਚੀ

| ਯੋਗ ਹੱਥ | ਫਾਰਚੂਨ ਬੋਨਸ | ਐਨਵੀ ਬੋਨਸ ਅਦਾਇਗੀ |
|---|---|---|
| 7-ਪੱਤੀ ਸਟਰੇਟ ਫਲੱਸ਼ - ਜੋਕਰ ਬਿਨਾਂ | 8,000 ਟੂ 1 | 5,000 ਡਾਲਰ |
| ਰੌਆਇਲ ਫਲੱਸ਼ ਤੇ ਰੌਆਇਲ ਮੈਚ | 2,000 ਟੂ 1 | 1,000 ਡਾਲਰ |
| 7-ਪੱਤੀ ਸਟਰੇਟ ਫਲੱਸ਼ - ਜੋਕਰ ਨਾਲ | 1,000 ਟੂ 1 | 500 ਡਾਲਰ |
| ਪੰਜ ਯੱਕੇ | 400 ਟੂ 1 | 250 ਡਾਲਰ |
| ਰੌਆਇਲ ਫਲੱਸ਼ | 150 ਟੂ 1 | 50 ਡਾਲਰ |
| ਸਟਰੇਟ ਫਲੱਸ਼ | 50 ਟੂ 1 | 20 ਡਾਲਰ |
| ਫੋਰ ਆਫ ਏ ਕਾਈਂਡ | 25 ਟੂ 1 | 5 ਡਾਲਰ |
| ਫੁੱਲ ਹਾਊਸ | 5 ਟੂ 1 | ਲਾਗੂ ਨਹੀਂ (N/A) |
| ਫਲੱਸ਼ | 4 ਟੂ 1 | ਲਾਗੂ ਨਹੀਂ (N/A) |
| ਥਰੀ ਆਫ ਏ ਕਾਈਂਡ | 3 ਟੂ 1 | ਲਾਗੂ ਨਹੀਂ (N/A) |
| ਸਟਰੇਟ | 2 ਟੂ 1 | ਲਾਗੂ ਨਹੀਂ (N/A) |

ਰੌਆਇਲ ਫਲੱਸ਼ ਜੋਕਰ ਨਾਲ ਜਾਂ ਜੋਕਰ ਬਿਨਾਂ ਹੋ ਸਕਦੀ ਹੈ। ਰੌਆਇਲ ਮੈਚ ਵਿੱਚ ਇਕੋ ਤਰ੍ਹਾਂ ਦੇ ਬਾਦਾ ਤੇ ਰਾਣੀ ਹੁੰਦੇ ਹਨ।




**ਮੇਜ਼ 'ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ 'ਤੇ ਜਾਵੋ ਜਾਂ ਏਥੇ ਦੇਖੋ : www.bclc.com**



bclc playing it right
GameSense
engage your GameSense.ca